# ‘ਸ਼ਹੀਦ ਭਗਤ ਸਿੰਘ ਦੀ ਵਿਚਾਰਧਾਰਾ ਅਤੇ ਅੱਜ ਦਾ ਸਮਾਂ’ ਵਿਸ਼ੇ ’ਤੇ ਵਿਚਾਰ ਗੋਸ਼ਠੀ ਹੋਈ

ਕਾਰਖਾਨਾ ਮਜ਼ਦੂਰ ਯੂਨੀਅਨ ਵਲੋਂ ਸ਼ਹੀਦ ਭਗਤ ਸਿੰਘ ਦੀ ਯਾਦ ਵਿੱਚ ਉਹਨਾਂ ਦੇ ਜਨਮ ਦਿਨ ਤੋਂ ਇੱਕ ਦਿਨ ਪਹਿਲਾਂ 27 ਸਤੰਬਰ ਨੂੰ ਇੱਕ ਵਿਚਾਰ ਗੋਸ਼ਠੀ ਕਰਵਾਈ ਗਈ। ਲੁਧਿਆਣੇ ਦੀ ਈ.ਡਬਲਿਊ.ਐਸ. ਕਲੋਨੀ ਦੇ ਨਿਸ਼ਕਾਮ ਵਿੱਦਿਆ ਮੰਦਿਰ ਸਕੂਲ ਵਿੱਚ ਰੱਖੀ ਗਈ ਇਸ ਵਿਚਾਰ ਗੋਸ਼ਠੀ ਦਾ ਵਿਸ਼ਾ ਸੀ ‘ਸ਼ਹੀਦ ਭਗਤ ਸਿੰਘ ਦੀ ਵਿਚਾਰਧਾਰਾ ਅਤੇ ਅੱਜ ਦਾ ਸਮਾਂ’ ਅਤੇ ਮੁੱਖ ਬੁਲਾਰੇ ਸਨ ਮਜ਼ਦੂਰਾਂ ਦੇ ਹਿੰਦੀ ’ਚ ਛਪਦੇ ਇਨਕਲਾਬੀ ਅਖ਼ਬਾਰ ‘ਬਿਗੁਲ’ ਅਤੇ ਪੰਜਾਬੀ ’ਚ ਛਪਦੇ ਇਨਕਲਾਬੀ ਮੈਗਜ਼ੀਨ ‘ਪ੍ਰਤੀਬੱਧ’ ਦੇ ਸੰਪਾਦਕ ਸਾਥੀ ਸੁਖਵਿੰਦਰ। ਵਿਚਾਰ ਗੋਸ਼ਠੀ ਵਿੱਚ ਮੁੱਖ ਤੌਰ ’ਤੇ ਸਨਅਤੀ ਮਜ਼ਦੂਰਾਂ ਨੇ ਭਾਗ ਲਿਆ।

ਸਾਥੀ ਸੁਖਵਿੰਦਰ ਨੇ ਵਿਸ਼ੇ ’ਤੇ ਆਪਣੇ ਵਿਚਾਰ ਪ੍ਰਗਟ ਕਰਦੇ ਹੋਏ ਸ਼ਹੀਦ ਭਗਤ ਸਿੰਘ ਦੀ ਜ਼ਿੰਦਗੀ ਦੇ ਵਿਭਿੰਨ ਪੱਖਾਂ ’ਤੇ ਚਾਨਣਾ ਪਾਇਆ। ਆਪਣੇ ਭਾਸ਼ਣ ਦੌਰਾਨ ਉਹਨਾਂ ਕਿਹਾ ਕਿ ਦੇਸ਼ ਦੀਆਂ ਲੁਟੇਰੀਆਂ ਹਾਕਮ ਜਮਾਤਾਂ ਲੋਕਾਂ ਦੇ ਸੱਚੇ ਨਾਇਕਾਂ ਦੀਆਂ ਯਾਦਾਂ ਨੂੰ ਪੱਥਰ ਦੀਆਂ ਮੂਰਤਾਂ ਵਿੱਚ ਬਦਲ ਦੇਣਾ ਚਾਹੁੰਦੀਆਂ ਹਨ। ਅਜਿਹਾ ਹੀ ਭਾਰਤੀ ਕਿਰਤੀ ਲੋਕਾਂ ਦੇ ਮਹਾਨ ਨਾਇਕ ਸ਼ਹੀਦੇ-ਆਜ਼ਮ ਭਗਤ ਸਿੰਘ ਦੀ ਯਾਦ ਨਾਲ਼ ਕੀਤਾ ਜਾ ਰਿਹਾ ਹੈ। ਸ਼ਹੀਦੇ ਆਜ਼ਮ ਭਗਤ ਦੀ ਸੋਚ ਅਤੇ ਲੋਕਾਂ ਦੀਆਂ ਦੁਸ਼ਮਣ ਜਮਾਤਾਂ ਅੱਜ ਉਹਨਾਂ ਦਾ ਨਾਂ ਬਹੁਤ ਜਿਆਦਾ ਲੈ ਰਹੀਆਂ ਹਨ ਅਤੇ ਗਲਤ ਅਰਥਾਂ ’ਚ ਰਹੀਆਂ ਹਨ। ਸ਼ਹੀਦੇ ਆਜ਼ਮ ਦੀ ਸੋਚ ਨੂੰ ਸਹੀ ਰੂਪ ਵਿੱਚ ਲੋਕਾਂ ਤੱਕ ਲੈ ਕੇ ਜਾਣਾ ਹੀ ਅੱਜ ਸ਼ਹੀਦ ਭਗਤ ਸਿੰਘ ਨੂੰ ਯਾਦ ਕਰਨ ਦਾ ਇੱਕ ਸੱਚਾ ਅਰਥ ਹੋ ਸਕਦਾ ਹੈ। ਸਾਥੀ ਸੁਖਵਿੰਦਰ ਨੇ ਇਨਕਲਾਬੀ ਲਹਿਰ ਦੇ ਇਤਿਹਾਸ ਦੇ ਪੰਨੇ ਫਰੋਲਦਿਆਂ ਦਰਸਾਇਆ ਕਿ ਸ਼ਹੀਦ ਭਗਤ ਸਿੰਘ ਨੇ ਭਾਰਤੀ ਇਨਕਲਾਬੀ ਲਹਿਰ ਨੂੰ ਨਵੀਂ ਉਚਾਈ ਪ੍ਰਦਾਨ ਕੀਤੀ। ਉਹਨਾਂ ਕਿਹਾ ਕਿ ਸ਼ਹੀਦ ਭਗਤ ਸਿੰਘ ਅਤੇ ਉਸਦੇ ਸਾਥੀਆਂ ਦੇ ਚਿੰਤਨ ਦਾ ਆਪਣੇ ਤੋਂ ਪਹਿਲਾਂ ਦੇ ਇਨਕਲਾਬੀਆਂ ਤੋਂ ਇਹ ਇੱਕ ਵੱਡਾ ਫ਼ਰਕ ਸੀ ਕਿ ਉਹਨਾਂ ਭਾਰਤ ਵਿੱਚ ਸਮਾਜਵਾਦ ਦੀ ਸਥਾਪਨਾ ਦਾ ਸੁਪਨਾ ਵੇਖਿਆ ਅਤੇ ਇਸ ਵਾਸਤੇ ਸੰਘਰਸ਼ ਕੀਤਾ। ਉਹਨਾਂ ਦਾ ਮੰਨਣਾ ਸੀ ਕਿ ਭਾਰਤੀ ਕਿਰਤੀ ਲੋਕਾਂ ਦੀ ਸੱਚੀ ਅਜ਼ਾਦੀ ਸਮਾਜਵਾਦ ਵਿੱਚ ਹੀ ਆ ਸਕਦੀ ਹੈ, ਸਿਰਫ਼ ਅੰਗਰੇਜ਼ਾਂ ਤੋਂ ਰਾਜਨੀਤਕ ਅਜ਼ਾਦੀ ਹਾਸਿਲ ਕਰਨ ਨਾਲ਼ ਲੋਕਾਂ ਦੀ ਹਾਲਤ ਵਿੱਚ ਕੋਈ ਫ਼ਰਕ ਨਹੀਂ ਪੈਣ ਲੱਗਾ। ਸਾਥੀ ਸੁਖਵਿੰਦਰ ਜੀ ਨੇ ਕਿਹਾ ਕਿ ਅੱਜ ਅਜ਼ਾਦ ਦੇਸ਼ ਵਿੱਚ ਵੀ ਦੇਸ਼ ਦੇ ਕਿਰਤੀ ਲੋਕ ਗਰੀਬ, ਭੁੱਖਮਰੀ, ਬਦਹਾਲੀ ਦੀ ਜ਼ਿੰਦਗੀ ਜਿਉ ਰਹੇ ਹਨ। ਉਹਨਾਂ ਉਦਾਹਰਨਾਂ ਦਿੰਦੇ ਹੋਏ ਕਿਹਾ ਕਿ ਜਿੰਨੇ ਜੁਲਮ ਅੰਗਰੇਜਾਂ ਦੇ ਰਾਜ ਵਿੱਚ ਭਾਰਤੀ ਕਿਰਤੀ ਲੋਕਾਂ ’ਤੇ ਢਾਹੇ ਗਏ ਉਸ ਤੋਂ ਕਿਤੇ ਵੱਧ ਭਾਰਤੀ ਹਾਕਮਾਂ ਦੇ ਰਾਜ ਵਿੱਚ ਢਾਹੇ ਗਏ ਹਨ। ਉਹਨਾਂ ਕਿਹਾ ਕਿ ਸ਼ਹੀਦ ਭਗਤ ਸਿੰਘ ਦੇ ਸੁਪਨਿਆਂ ਦੇ ਸਮਾਜ ਦੀ ਸਿਰਜਣਾ ਦੇ ਰਾਹ ਤੁਰਨਾ ਹੀ ਸ਼ਹੀਦ ਭਗਤ ਸਿੰਘ ਦੀ ਕੁਰਬਾਨੀ ਅਤੇ ਸੋਚ ਨੂੰ ਸੱਚੀ ਸਰਧਾਂਜਲੀ ਹੋ ਸਕਦੀ ਹੈ।

ਸਾਥੀ ਸੁਖਵਿੰਦਰ ਦੇ ਇਸ ਲੰਬੇ ਭਾਸ਼ਣ ਤੋਂ ਬਾਅਦ ਤਾਜ ਮੁਹੰਮਦ, ਸਦੇਸ਼ਵਰ ਯਾਦਵ, ਨਰਿੰਦਰ, ਗੋਪਾਲ, ਵਿਜੇ, ਸੁਭਾਸ਼ ਆਦਿ ਮਜ਼ਦੂਰ ਸਾਥੀਆਂ ਨੇ ਖੁੱਲ ਕੇ ਆਪਣੇ ਵਿਚਾਰ ਪੇਸ਼ ਕੀਤੇ ਜਿਸ ਸਦਕਾ ਬੇਹੱਦ ਮੁੱਲਵਾਨ ਵਿਚਾਰ-ਚਰਚਾ ਛਿੜੀ। ਮਜ਼ਦੂਰ ਸਾਥੀਆਂ ਨੇ ਜ਼ੋਰ ਦਿੱਤਾ ਕਿ ਅੱਜ ਦੇ ਹਾਲਾਤਾਂ ਵਿੱਚ ਜੱਥੇਬੰਦੀ ਬਿਨਾਂ ਮਜ਼ਦੂਰਾਂ ਦਾ ਗੁਜ਼ਾਰਾ ਨਹੀਂ ਹੋ ਸਕਦਾ ਅਤੇ ਜੱਥੇਬੰਦੀ ਕੋਲ ਇਮਾਨਦਾਰ ਅਤੇ ਦ੍ਰਿੜ ਅਗਵਾਈ ਹੋਣੀ ਚਾਹੀਦੀ ਹੈ। ਮਜ਼ਦੂਰਾਂ ਨੇ ਕਿਹਾ ਕਿ ਧਾਰਮਿਕ ਕੱਟੜਤਾ, ਜਾਤੀਵਾਦ ਅਤੇ ਖੇਤਰਵਾਦ ਦਾ ਜੱਥੇਬੰਦੀ ਵਿੱਚ ਕੋਈ ਥਾਂ ਨਹੀ ਹੋਣੀ ਚਾਹੀਦੀ।

ਤਾਜ ਮੁਹੰਮਦ ਅਤੇ ਸਦੇਸ਼ਵਰ ਯਾਦਵ ਨੇ ਆਪਣੇ ਗੀਤਾਂ ਰਾਹੀਂ ਸ਼ਹੀਦੇ ਆਜ਼ਮ ਭਗਤ ਸਿੰਘ ਨੂੰ ਯਾਦ ਕੀਤਾ ਅਤੇ ਸਰਧਾਂਜਲੀ ਦਿੱਤੀ। ਸਟੇਜ ਦੀ ਕਾਰਵਾਈ ਰਾਜਵਿੰਦਰ ਅਤੇ ਲਖਵਿੰਦਰ ਨੇ ਸਾਂਝੇ ਤੌਰ ’ਤੇ ਸੰਭਾਲੀ।

ਗੋਸ਼ਠੀ ਤੋਂ ਬਾਅਦ ਕਾਰਖਾਨਾ ਮਜ਼ਦੂਰ ਯੂਨੀਅਨ ਦੀ ਟੋਲੀ ਨੇ ਕਲੋਨੀ ਅਤੇ ਆਸ ਪਾਸ ਦੇ ਇਲਾਕੇ ਵਿੱਚ ਸ਼ਹੀਦ ਭਗਤ ਸਿੰਘ ਦੇ ਰਾਹ ’ਤੇ ਚੱਲਣ ਦਾ ਹੋਕਾ ਦਿੰਦਾ ਪਰਚਾ ਵੀ ਵੰਡਿਆਂ।